# "DUKHDE SAN SANGALI DE" KAHANI SANGRAH DE PATRA DA MANO-SANSAR
## ਦੁੱਖੜੇ ਸੰਨ ਸੰਤਾਲ਼ੀ ਦੇ" ਕਹਾਣੀ ਸੰਗ੍ਰਹਿ ਦੇ ਪਾਤਰਾਂ ਦਾ ਮਨੋ-ਸੰਸਾਰ

**ਪ੍ਰੋ. ਜਗਮੋਹਨ ਸਿੰਘ (Prof. Jagmohan Singh)**
ਅਸਿਸਟੈਂਟ ਪ੍ਰੋਫੈਸਰ, ਗੌਰਮਿੰਟ ਕਾਲਜ, ਭੇਰਿਆਂ (ਪੇਹਵਾ)
ਮੋਬਾਈਲ : 9729049292 E-Mail : jagmohanvirk0007@gmail.com

ABSTRACT

*ਸੰਤਾਲੀ ਦੀ ਵੰਡ ਵਿੱਚ ਪਰਿਵਾਰ ਦੇ ਪਰਿਵਾਰ ਤਬਾਹ ਹੋ ਗਏ। ਹਜ਼ਾਰਾਂ-ਲੱਖਾਂ ਲੋਕ ਇਕਦਮ ਬੇਘਰ ਹੋ ਗਏ। ਸਭ ਤੋਂ ਵੱਧ ਵਧੀਕੀਆਂ ਤੇ ਜ਼ੁਲਮ ਔਰਤਾਂ ਤੇ ਬੱਚਿਆਂ ਨਾਲ ਹੋਇਆ। ਪੰਜਾਬੀ ਕਹਾਣੀ ਵਿੱਚ ਦੇਸ਼-ਵੰਡ ਦਾ ਬਿਰਤਾਂਤਕ ਪ੍ਰਵਚਨ ਤ੍ਰਾਸਦੀ ਦੇ ਵਿਭਿੰਨ ਰੂਪਾਂ ਅਤੇ ਪਸਾਰਾਂ ਦੀ ਅਭਿਵਿਅਕਤੀ ਕਰਦਾ ਹੈ। ਇਸ ਵਿੱਚ ਇੱਕ ਪਾਸੇ ਮਾਨਵੀ ਪਾਸਾਰਾਂ ਦੀ ਗਵਾਹੀ ਦਿੰਦਾ ਹੈ ਅਤੇ ਦੂਜੇ ਪਾਸੇ ਕਰੂਰ-ਕੰਬਾਊ ਸੰਪਰਦਾਇਕ ਹਿੰਸਾ ਦਾ ਅਮਾਨਵੀ ਚਿਹਰਾ ਕੇਂਦਰੀਤਾ ਗ੍ਰਹਿਣ ਕਰਦਾ ਹੈ। ਵੰਡ ਨਾਲ ਸਬੰਧਿਤ ਕਹਾਣੀਆਂ ਨਾ ਕੇਵਲ ਸਾਂਝੇ ਸੱਭਿਆਚਾਰ ਦੇ ਮਿਲੇ-ਜੁਲੇ ਅਹਿਸਾਸਾਂ ਨੂੰ ਉਭਾਰਦੀਆਂ ਹਨ ਅਤੇ ਨਾਲ-ਨਾਲ ਹੀ ਇਸ ਵਿਚਲੇ ਅੰਤਰ-ਤਣਾਵਾਂ ਨੂੰ ਵੀ ਵਿਚਾਰਦੀਆਂ ਹਨ। ਇਨ੍ਹਾਂ ਪਿੱਛੇ ਕੰਮ ਕਰ ਰਹੀ ਸਾਮਰਾਜੀ ਬਸਤੀਵਾਦੀ ਸੋਚ ਤੋਂ ਉਪਜੇ ਰਾਜਨੀਤਿਕ, ਆਰਥਿਕ, ਇਤਿਹਾਸਿਕ ਅਤੇ ਸਮਾਜ-ਸੱਭਿਆਚਾਰਕ ਸੰਕਟਾਂ ਨੇ ਸੰਪਰਦਾਇਕਤਾ ਨੂੰ ਇੱਕ ਉਗਰ ਰੂਪ ਦੇ ਦਿੱਤਾ।*

**<u>ਕੀਵਰਡ</u>*:* ਸਨ ਸੰਤਾਲੀ ਦੀ ਵੰਡ, ਪਾਤਰ, ਮਨੋ ਸੰਸਾਰ, ਹਿੰਸਾ, ਸੰਪਰਦਾਇਕਤਾਪੰਜਾਬੀ ਕਹਾਣੀ ਵਿੱਚ ਦੇਸ਼-ਵੰਡ ਦਾ ਬਿਰਤਾਂਤਕ ਪ੍ਰਵਚਨ**

ਤ੍ਰਾਸਦੀ ਦੇ ਵਿਭਿੰਨ ਰੂਪਾਂ ਅਤੇ ਪਸਾਰਾਂ ਦੀ ਅਭਿਵਿਅਕਤੀ ਕਰਦਾ ਹੈ। ਇਸ ਵਿੱਚ ਇੱਕ ਪਾਸੇ ਮਾਨਵੀ ਪਾਸਾਰਾਂ ਦੀ ਗਵਾਹੀ ਦਿੰਦਾ ਹੈ ਅਤੇ ਦੂਜੇ ਪਾਸੇ ਕਰੂਰ-ਕੰਬਾਊ ਸੰਪਰਦਾਇਕ ਹਿੰਸਾ ਦਾ ਅਮਾਨਵੀ ਚਿਹਰਾ ਕੇਂਦਰੀਤਾ ਗ੍ਰਹਿਣ ਕਰਦਾ ਹੈ। ਵੰਡ ਨਾਲ ਸਬੰਧਿਤ ਕਹਾਣੀਆਂ ਨਾ ਕੇਵਲ ਸਾਂਝੇ ਸੱਭਿਆਚਾਰ ਦੇ ਮਿਲੇ-ਜੁਲੇ ਅਹਿਸਾਸਾਂ ਨੂੰ ਉਭਾਰਦੀਆਂ ਹਨ ਅਤੇ ਨਾਲ-ਨਾਲ ਹੀ ਇਸ ਵਿਚਲੇ ਅੰਤਰ-ਤਣਾਵਾਂ ਨੂੰ ਵੀ ਵਿਚਾਰਦੀਆਂ ਹਨ। ਇਨ੍ਹਾਂ ਪਿੱਛੇ ਕੰਮ ਕਰ ਰਹੀ ਸਾਮਰਾਜੀ ਬਸਤੀਵਾਦੀ ਸੋਚ ਤੋਂ ਉਪਜੇ ਰਾਜਨੀਤਿਕ, ਆਰਥਿਕ, ਇਤਿਹਾਸਿਕ ਅਤੇ ਸਮਾਜ-ਸੱਭਿਆਚਾਰਕ ਸੰਕਟਾਂ ਨੇ ਸੰਪਰਦਾਇਕਤਾ ਨੂੰ ਇੱਕ ਉਗਰ ਰੂਪ ਦੇ ਦਿੱਤਾ। ਡਾ. ਬਲਦੇਵ ਸਿੰਘ ਧਾਲੀਵਾਲ ਦੇ ਸ਼ਬਦਾਂ ਵਿਚ:

> ***"ਇਹ ਰਚਨਾਵਾਂ ਜਿੱਥੇ ਵੰਡ ਨਾਲ ਪੈਦਾ ਹੋਈ ਤ੍ਰਾਸਦੀ ਦਾ ਵਰਣਣ ਕਰਦੀਆਂ ਹਨ ਉੱਥੇ ਵੰਡ ਦੇ ਪਿਛੋਕੜ ਵਿੱਚ ਕੰਮ ਕਰਦੀ ਰਹੀ ਸਾਮਰਾਜੀ ਬਸਤੀਵਾਦੀ ਸ਼ਕਤੀ ਦੁਆਰਾ ਅਪਣਾਈ ਗਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਸਿੱਟਿਆਂ ਨੂੰ ਵੀ ਭਲੀ-ਭਾਂਤ ਪਛਾਣਦੀਆਂ ਹਨ।"[1]***

ਦੇਸ਼-ਵੰਡ ਦੇ ਦੁਖਾਂਤ ਨੂੰ ਚਿਤਰਣ ਵਾਲੇ ਕਹਾਣੀਕਾਰਾਂ ਦੀ ਇੱਕ ਲੰਬੀ ਲਾਈਨ ਹੈ। ਉਨ੍ਹਾਂ ਵਿੱਚੋਂ ਸਾਂਵਲ ਧਾਮੀ ਮਾਨਵਵਾਦੀ ਸਰੋਕਾਰਾਂ ਤੇ ਸੰਵੇਦਨਾਵਾਂ ਨੂੰ ਚਿਤਰਨ ਵਾਲਾ ਮਹੱਤਵਪੂਰਨ ਕਹਾਣੀਕਾਰ ਹੈ। ਇਸ ਪਰਚੇ ਅਸੀਂ ਸਾਂਵਲ ਧਾਮੀ ਦੁਆਰਾ ਰਚਿਤ ਦੁੱਖੜੇ ਸੰਨ ਸੰਤਾਲ਼ੀ ਦੇ ਦੀਆਂ ਕਹਾਣੀਆਂ ਦੇ ਮਨੋ ਸੰਸਾਰ ਦਾ ਅਧਿਐਨ ਕੀਤਾ ਗਿਆ ਹੈ। ਇਹ ਕਹਾਣੀਆਂ ਪੰਜਾਬੀ ਜੀਵਨ, ਮਾਨਸਿਕਤਾ ਅਤੇ ਸਾਧਾਰਨ ਬੰਦੇ 'ਤੇ ਪਏ ਵੰਡ ਦੇ ਪ੍ਰਭਾਵਾਂ ਨੂੰ ਬਿਆਨਦੀਆਂ ਹਨ । ਇਨ੍ਹਾਂ ਕਹਾਣੀਆਂ ਨੂੰ ਆਧਾਰ ਬਣਾ ਕੇ ਦੇਸ਼ ਵੰਡ ਦੇ ਪੰਜਾਬੀ ਮਾਨਸਿਕਤਾ ਅਤੇ ਉਨ੍ਹਾਂ ਦੇ ਮਨੋ ਸੰਸਾਰ 'ਤੇ ਪਏ ਪ੍ਰਭਾਵਾਂ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਦਾ ਯਤਨ ਕਿਤਾ ਗਿਆ ਹੈ। ਵੰਡ ਦਾ ਸੰਤਾਪ ਭੋਗਦੇ ਹੋਏ ਪਾਤਰਾਂ ਨੂੰ ਸਮਾਜ ਵਿੱਚ ਰਹਿੰਦਿਆਂ ਕਈ ਤਰ੍ਹਾਂ ਦੇ ਮਾਨਸਿਕ, ਸਮਾਜਿਕ, ਇਤਿਹਾਸਕ, ਰਾਜਨੀਤਕ,ਆਰਥਿਕ ਪੱਖਾਂ ਤੋਂ ਆਉਂਦੇ ਉਤਰਾਵਾਂ ਚੜ੍ਹਾਵਾਂ ਨੂੰ ਸਹਿਣਾ ਪਿਆ। ਸਾਂਵਲ ਧਾਮੀ ਨੇ ਵੰਡ ਦਾ ਸੰਤਾਪ ਭੋਗਦੇ ਪਾਤਰਾਂ ਜਾਂ ਫਿਰ ਵੰਡ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਭਾਵਿਤ ਪਾਤਰਾਂ ਦੇ ਸੰਤਾਪਾਂ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਤੇ ਇਹਨਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਵੀ ਜਿਉਂ ਦਾ ਤਿਉਂ ਚਿਤਰਨ ਦੀ ਕੋਸ਼ਿਸ਼ ਕੀਤੀ ਹੈ। 1947 ਦੀ ਦੇਸ਼ ਵੰਡ ਨੂੰ ਭੋਗਦੇ ਪਾਤਰਾਂ ਦੀ ਮਾਨਸਿਕਤਾ ਤੋ ਉਸ ਦਾ ਆਪਾ ਬੇਜ਼ਾਰ ਮਨੁੱਖੀ ਜੀਵਨ ਨੂੰ ਮਹਿਸੂਸ ਕਰਨੋਂ ਵਿਰਵਾ ਨਹੀਂ ਰਿਹਾ। ਸਾਂਵਲ ਧਾਮੀ ਦੇ ਇਹ ਪਾਤਰ ਮਨੁੱਖ ਦੇ ਅੰਦਰਲੇ ਨੂੰ ਖਰੋਚ ਕੇ ਬਾਹਰ ਲਿਆਉਂਦੇਂ ਹਨ। ਇਨ੍ਹਾਂ ਪਾਤਰਾਂ ਦੇ ਮਨੋ ਪੈਟਰਨ ਨੂੰ ਘੋਖਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਹਨਾਂ ਨੇ ਧਾਰਮਿਕ-ਨਿਰਪੱਖ ਜਮਹੂਰੀ ਭਾਵਨਾ ਇਸ ਗੱਲ ਵਿੱਚ ਵੀ ਵਿਖਾਈ ਹੈ ਕਿ ਉਨ੍ਹਾਂ ਦੇ ਮਨ ਵਿੱਚ ਹਿੰਦੂ, ਮੁਸਲਮਾਨ ਤੇ ਸਿੱਖਾਂ ਪ੍ਰਤੀ ਮਾਨਵਤਾ ਤੇ ਹਮਦਰਦੀ ਦੀ ਭਾਵਨਾ ਹੈ। ਉਸ ਦੀ ਮੁਕਤ ਕੰਠ ਨਾਲ ਸ਼ਲਾਘਾ ਕੀਤੀ ਹੈ। ਇਸ ਕਹਾਣੀ ਦਾ ਮਨੋ ਪੈਟਰਨ ਪੰਜਾਬੀ ਸੱਭਿਆਚਾਰ ਦੇ ਦੁਫਾੜ ਹੋਣ ਦੇ ਦੁਖਾਂਤਕ ਅਨੁਭਵ ਅਤੇ ਮੁੜ ਕੇ ਮਿਲ ਬੈਠਣ ਦੀ ਅਕਾਂਖਿਆ ਨੂੰ ਵੀ ਚੰਗੀ ਤਰ੍ਹਾਂ ਚਿੱਤਰਦਾ ਹੈ। ਇਨ੍ਹਾਂ ਕਹਾਣੀਆਂ ਦੇ ਮਾਨਸਿਕ ਪਸਾਰਾਂ ਨੂੰ ਤਿੰਨ ਸੂਤਰਾਂ ਵਿੱਚ ਸਮਝਿਆ ਜਾ ਸਕਦਾ ਹੈ ਪਹਿਲੇ ਵਿਚ ਸਾਂਝੇ ਪੰਜਾਬ ਦੇ ਭਰਾਤਰੀ ਭਾਵ ਦਾ ਜੀਵਨ ਪੇਸ਼ ਹੋਇਆ ਹੈ ਅਤੇ ਦੂਜੀ ਤਰਫ਼ ਦੇਸ਼ ਵੰਡ ਦੇ ਸਮੇਂ ਦੇ ਫ਼ਿਰਕੂ ਤਣਾਉ ਨੂੰ ਵੀ ਬੜੀ ਬਾਰੀਕਬੀਨੀ ਨਾਲ ਚਿਤਰਿਆ ਗਿਆ ਹੈ। ਵੰਡ ਨੂੰ ਆਪਣੀ ਹੋਣੀ ਸਵੀਕਾਰ ਕਰਕੇ ਦੋਵੇਂ ਪੰਜਾਬ ਦੇ ਵਸਨੀਕ ਆਪਣੀਆਂ ਇੱਛਾਵਾਂ ਨੂੰ ਮਾਰ ਕੇ ਹਲਾਤਾਂ ਨਾਲ ਸਮਝੌਤਾ ਕਰ ਲੈਂਦੇ ਹਨ ਪਰ ਕਿਧਰੇ ਨਾ ਕਿਧਰੇ ਉਨ੍ਹਾਂ ਦੇ ਮਨ ਵਿਚ ਆਪਣੇ ਸੱਭਿਆਚਾਰਕ ਪਿਛੋਕੜ ਲਈ ਅਥਾਹ ਪਿਆਰ ਹੈ। ਇਨ੍ਹਾਂ ਕਹਾਣੀਆਂ ਵਿਚ ਇਸ ਨੂੰ ਤੀਜੇ ਸੂਤਰ ਵਜੋਂ ਪ੍ਰਗਟਾਇਆ ਗਿਆ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਕੁੱਲ ਅਠੱਤੀ ਕਹਾਣੀਆਂ ਵੰਡ ਦਾ ਸੰਤਾਪ ਭੋਗਦੇ ਪਾਤਰਾਂ ਦੇ ਮਾਨਸਿਕ-ਵਿਸ਼ਾਦ ਤੇ ਟੁੱਟ-ਭੱਜ ਨੂੰ

ਪ੍ਰਗਟਾਉਂਦਿਆਂ ਹਨ। ਇਸ ਕਹਾਣੀ ਸੰਗ੍ਰਹਿ ਦੀ ਕਹਾਣੀ 'ਸ਼ਾਇਦ ਫੁੱਫੀ ਸੌਖੀ ਮਰ ਜਾਏ !' ਦੇਸ਼-ਵੰਡ ਦੀ ਦੁਖਾਂਤਕ ਤ੍ਰਾਸਦੀ ਨਾਲ ਸਬੰਧਤ ਹੈ। ਖ਼ਾਸਕਰ ਵੰਡ ਸਮੇਂ ਔਰਤਾਂ ਦੀ ਹੋਈ ਵੰਡ-ਵੰਡਾਈ ਦਾ ਦੁਖਾਂਤ ਇਸ ਕਹਾਣੀ ਰਾਹੀਂ ਪੇਸ਼ ਹੁੰਦਾ ਹੈ। ਸਿੱਖ, ਹਿੰਦੂ ਔਰਤਾਂ ਦਾ ਪਾਕਿਸਤਾਨ ਮੁਸਲਮਾਨਾਂ ਦੇ ਘਰਾਂ ਵਿੱਚ ਰਹਿ ਜਾਣਾ ਤੇ ਮੁਸਲਮਾਨ ਇਸਤਰੀਆਂ ਦਾ ਹਿੰਦੁਸਤਾਨ ਵਿੱਚ ਸਿੱਖ ਹਿੰਦੂਆਂ ਦੇ ਘਰ ਰਹਿ ਜਾਣਾ ਅਤੇ ਬਾਅਦ ਵਿੱਚ ਫਿਰ ਉਸ ਵਿੱਚ ਰੱਦੋਬਦਲ ਕਰਕੇ ਮਜ਼ਹਬੀ ਹੱਕ ਜਤਾਕੇ ਔਰਤਾਂ ਨੂੰ ਫਿਰ ਤੋਂ ਇੱਕ ਵਸਤੂ ਸਮਝ ਕੇ ਵਟਾਂਦਰਾ ਕਰ ਲਿਆ ਗਿਆ। ਹਿੰਦੂ ਸਿੱਖ ਔਰਤਾਂ ਨੂੰ ਹਿੰਦੁਸਤਾਨ ਵਿੱਚ ਤੇ ਮੁਸਲਮਾਨ ਔਰਤਾਂ ਨੂੰ ਪਾਕਿਸਤਾਨ ਭੇਜਿਆ ਗਿਆ। ਇਸ ਦਾ ਦੂਜਾ ਪਹਿਲੂ ਭਾਵੇਂ ਇਹ ਵੀ ਸੀ ਕਿ ਉਹ ਔਰਤਾਂ ਮਰਜ਼ੀ ਨਾਲ ਹੀ ਇੱਧਰ ਉੱਧਰ ਰਹਿ ਗਈਆਂ ਸਨ ਪਰ ਬਾਅਦ ਵਿਚ ਉਨ੍ਹਾਂ ਦੀ ਰਜ਼ਾਮੰਦੀ ਦੇ ਵਿਰੁਧ ਜ਼ਬਰਦਸਤੀ ਉਨ੍ਹਾਂ ਨੂੰ ਤ੍ਰਾਸਦੀ ਦਾ ਸ਼ਿਕਾਰ ਦੱਸ ਕੇ ਵੱਸਦੇ-ਰਸਦੇ ਪਰਿਵਾਰਾਂ ਵਿੱਚੋਂ ਲਿਜਾਇਆ ਗਿਆ। ਇਸ ਕਹਾਣੀ ਦੀ ਪਾਤਰ ਫੁੱਫੀ ਇਕ ਮੁਸਲਮਾਨ ਕੁੜੀ ਹੈ। ਵੰਡ ਦੇ ਦੌਰਾਨ ਉਸ ਦਾ ਸਾਰਾ ਪਰਿਵਾਰ ਤਹਿਸ-ਨਹਿਸ ਕਰ ਦਿੱਤਾ ਗਿਆ ਤੇ ਉਹਨੂੰ ਧਾੜਵੀ ਚੁੱਕ ਕੇ ਲੈ ਗਏ। ਇਧਰਲੇ ਪੰਜਾਬ ਵਿੱਚ ਉਸਦਾ ਵਿਆਹ ਇੱਕ ਜੱਟ ਨਾਲ ਕਰ ਦਿੱਤਾ ਗਿਆ ਅਤੇ ਜਿਸ ਦੇ ਫਲਸਰੂਪ ਉਸ ਨੇ ਇੱਕ ਕੁੜੀ ਨੂੰ ਜਨਮ ਦਿੱਤਾ। ਵਿਆਹ ਦੇ ਕਈ ਵਰ੍ਹਿਆਂ ਬਾਅਦ ਜਦੋਂ ਉਹ ਆਪਣੇ ਘਰ ਵਿਚ ਰਚ-ਵਸ ਗਈ ਤਾਂ ਉਸ ਦੇ ਮਾਮੇ ਜ਼ਬਰਦਸਤੀ ਉਹਨੂੰ ਇੱਥੋਂ ਲੈ ਗਏ। ਵੰਡ ਦੀ ਸ਼ਿਕਾਰ ਔਰਤਾਂ ਦੀ ਮਾਨਸਿਕ ਹਾਲਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਿਸੇ ਨੇ ਵੀ ਨਹੀਂ ਕੀਤੀ ਤੇ ਉਨ੍ਹਾਂ ਨੂੰ ਆਪਣੀ ਇੱਜ਼ਤ ਦਾ ਪ੍ਰਤੀਕ ਸਮਝਦੇ ਹੋਏ ਵਸਤੂ ਵਾਂਗੂੰ ਵਰਤਿਆ ਗਿਆ । ਵੰਡ ਦੀ ਸਭ ਤੋਂ ਜ਼ਿਆਦਾ ਭਿਆਨਕਤਾ ਔਰਤਾਂ ਤੇ ਬੱਚਿਆਂ ਨੂੰ ਹੀ ਸਹਿਣੀ ਪਈ। ਫੁੱਫੀ ਦੇ ਮਾਮੇ ਉਸ ਦੀ ਧੀ ਨੂੰ ਇੱਥੇ ਪੰਜਾਬ ਵਿੱਚ ਹੀ ਸੁੱਟ ਕੇ ਚਲੇ ਗਏ। ਫੁੱਫੀ ਨੂੰ ਵੀ ਨਾ ਚਾਹੁੰਦੇ ਹੋਏ ਆਪਣੀ ਧੀ ਨੂੰ ਇੱਥੇ ਛੱਡਣਾ ਪਿਆ। ਲੇਕਿਨ ਧੀ ਨੂੰ ਖੋਹਣ ਦਾ ਦੁੱਖ ਤੇ ਸੰਤਾਪ ਉਹ ਸਾਰੀ ਜ਼ਿੰਦਗੀ ਆਪਣੇ ਮਨ 'ਤੇ ਹੰਢਾਉਂਦੀ ਰਹੀ ਤੇ ਆਪਣੇ ਅਖ਼ੀਰਲੇ ਸਮੇਂ ਵਿੱਚ ਵੀ ਉਹ ਆਪਣੀ ਧੀ ਨੂੰ ਯਾਦ ਕਰਦੀ ਰਹੀ। ਕਹਾਣੀ ਵਿਚਲੇ ਬਿਰਤਾਂਤ ਅਨੁਸਾਰ :

> ***"ਉੱਥੇ ਆ ਕੇ ਮਾਮਿਆਂ ਨੇ ਫੁੱਫੀ ਦੀਆਂ ਬਾਹਵਾਂ 'ਚੋ ਉਹਦੀ ਧੀ ਨੂੰ ਧੂਹ ਲਿਆ ਸੀ। ਧੀ ਨੂੰ ਜ਼ਮੀਨ 'ਤੇ ਸੁੱਟਦਿਆਂ ਬੋਲੇ ਸੀ-ਅਸੀਂ ਨਈਂ ਲਿਜਾਣਾ, ਆਪਣੀ ਪਾਕ ਧਰਤੀ ਉੱਤੇ, ਇਸ ਹਰਾਮ ਦੇ ਤੁਖ਼ਮ ਨੂੰ। ਫੁੱਫੀ ਵਿਚਾਰੀ ਬੇਹੋਸ਼ ਹੋ ਗਈ ਸੀ। ... ਧੀ ਦੀ ਗੱਲ ਉਹ ਸਿਰਫ ਮੇਰੇ ਨਾਲ ਈ ਕਰਦੀ ਏ। ਉਹ ਅੱਜ ਵੀ ਉਹਨੂੰ ਯਾਦ ਕਰਦੀ ਏ। ਰੋਂਦੀ ਏ। ਕਬਰੀਂ ਸੁੱਤੇ ਭਾਈ ਤੇ ਮਾਮਿਆਂ ਨੂੰ ਉਹਨੇ ਅੱਜ ਤੱਕ ਮੁਆਫ਼ ਨਹੀਂ ਕੀਤਾ ।"[2]***

'ਸ਼ਬਦਾਂ ਦਾ ਖੰਜਰ' ਕਹਾਣੀ ਨੂੰ ਜਿੱਥੇ ਹਿੰਦੂ ਮੁਸਲਮਾਨ ਏਕਤਾ ਦੇ ਵਿਆਪਕ ਵਰਤਾਰੇ ਦੀ ਹਾਮੀ ਭਰਦੀ ਹੈ ਉੱਥੇ ਇਨ੍ਹਾਂ ਦੋਹਾਂ ਵਿਚਲੀ ਮਹੀਨ ਵਿੱਥ ਸਹਿਜੇ ਪ੍ਰਗਟਾਉਂਦੀ ਹੈ। ਇਹ ਕਹਾਣੀ ਇਸ ਵਿੱਥ ਨੂੰ ਵੰਡ ਸਮੇਂ ਦੇ ਸੰਪਰਦਾਇਕ ਹਿੰਸਾ ਵਿੱਚ ਤੀਖਣ ਹੁੰਦੇ ਵਿਖਾਉਂਦੀ ਹੈ। ਇਸੇ ਨਾਲ ਹੀ ਇਸ ਤੱਥ ਨੂੰ ਵੀ ਉਭਾਰਦੀ ਹੈ ਕਿ ਸੰਪਰਦਾਇਕ ਹਾਲਾਤਾਂ ਵਿੱਚ ਮਨੁੱਖ ਦਾ ਲਾਲਚ, ਭੈਅ ਅਤੇ ਸੁਵਾਰਥਪੁਣਾ ਇਕਦਮ ਸ਼ਿਖ਼ਰ ਉੱਤੇ ਪੁੱਜ ਕੇ ਮਨੁੱਖੀ ਮਾਨਸਿਕਤਾ ਉੱਤੇ ਭਾਰੂ ਹੋ ਜਾਂਦਾ ਹੈ। ਊਧਮ ਸਿੰਘ ਦਾ ਪਿਓ ਅਤੇ ਬਾਬੂ ਫ਼ਜ਼ਲ ਮੁਹੰਮਦ ਦੋਵੇਂ ਹੀ ਗੂੜ੍ਹੇ ਦੋਸਤ ਸਨ। ਵੰਡ ਤੋਂ ਪਹਿਲਾਂ ਦੋਵੇਂ ਪਰਿਵਾਰਾਂ ਦਾ ਰਿਸ਼ਤਾ ਮੋਹ-ਮੁਹੱਬਤ ਵਾਲਾ ਦਿਖਾਇਆ ਗਿਆ ਹੈ ਪਰ ਵੰਡ ਸਮੇਂ ਇਕਦਮ ਲੋਕਾਂ ਦੀ ਮਾਨਸਿਕਤਾ ਬਦਲ ਗਈ। ਜਿੱਥੇ ਅਟੁੱਟ ਪਿਆਰ ਵੱਸਦਾ ਸੀ,ਉੱਥੇ ਇਕਦਮ ਨਫ਼ਰਤ ਨੇ ਆਪਣੀ ਥਾਂ ਮੱਲ ਲਈ। ਹਿੰਦੂਆਂ-ਮੁਸਲਮਾਨਾਂ ਨੇ ਆਪੋ ਆਪਣੇ ਪਿਆਰ ਭਰੇ ਰਿਸ਼ਤਿਆਂ ਦੇ ਕਤਲ ਕਰ ਦਿੱਤੇ। ਕਹਾਣੀ ਵਿੱਚ ਊਧਮ ਸਿੰਘ ਦੁਆਰਾ ਕੀਤੇ ਗਏ ਆਪਣੇ ਪਿਉ ਦੇ ਦੋਸਤ ਦੇ ਸਹੁਰੇ ਦਾ ਕਤਲ ਇਸ ਸਮੇਂ ਦੀ ਵੀ ਭਿਆਨਕਤਾ ਨੂੰ ਫੋਕਸ ਵਿਚ ਲਿਆਉਂਦਾ ਹੈ :

> ***" ਉਹਨੂੰ ਮਾਰਨ ਵਾਲੇ ਕਿਹੜੇ ਪਿੰਡ ਦੇ ਸੀ ?" ਮੈਂ ਉਦਾਸ ਸੁਰ ਵਿੱਚ ਸਵਾਲ ਕੀਤਾ ਸੀ।***
>
> ***" ਉਹ ?" ਉਹ ਪਲ ਕੁ ਰੁਕਿਆ।***
>
> ***"ਇਸ ਪਿੰਡ ਦੇ ਸਨ।" ਉਹ ਧੀਮੀ ਆਵਾਜ਼ ਵਿੱਚ ਬੋਲਿਆ ਸੀ। ਹੈਂਅ ! ਉਹ ਕੌਣ ਸਨ ?" ਮੈਂ ਹੈਰਾਨੀ-ਭਰੇ ਦੁੱਖ ਨਾਲ ਪੁੱਛਿਆ ਸੀ।" ਹੁਣ ਮੈਂ ਕਿਹਦਾ-ਕਿਹਦਾ ਨਾਂ ਲਵਾਂ ! ਉਹ ਵਕਤ ਹੀ ਏਹੋ ਜਿਹਾ ਸੀ ਪੁੱਤਰਾ ....।"[3]***
>
> ***ਊਧਮ ਸਿੰਘ ਸਾਰੀ ਜ਼ਿੰਦਗੀ ਆਪਣੇ ਮਨ ਉੱਤੇ ਇਸ ਦੁੱਖ ਨੂੰ ਹੰਢਾਉਂਦਾ ਹੈ ਕਿ ਉਸ ਨੇ ਆਪਣੇ ਪਿਓ ਵਰਗੇ ਰਿਸ਼ਤੇ ਦਾ ਕਤਲ ਕਰ ਦਿੱਤਾ। ਕਹਾਣੀ ਵਿਚ ਬਾਬੂ ਫ਼ਜ਼ਲ ਮੁਹੰਮਦ ਦੇ ਅੰਤਲੇ ਸ਼ਬਦ ਉਸ ਦੀ ਮਾਨਸਿਕਤਾ ਉੱਤੇ ਸੱਟ ਵਾਂਗ ਵੱਜਦੇ ਹਨ, " ਊਧਮ ਸਿੰਘ ਕੋਈ ਓਪਰਾ ਤਾਂ ਨਹੀਂ। ਉਹ ਮੇਰਾ ਭਤੀਜਾ ਏ। ਬੜਾ ਫ਼ਰਕ ਹੁੰਦਾ ਏ ਆਪਣਿਆਂ ਤੇ ਬੇਗਾਨਿਆਂ ਚ।"[4]***

ਕਹਾਣੀ 'ਉਸ 'ਗੁਨਾਹ' ਦਾ ਅਹਿਸਾਸ ਕਿਉਂ ਨਹੀਂ ਮਰਦਾ' ਵਿੱਚ ਬਾਬੇ ਹਜ਼ਾਰੇ ਦੀਆਂ ਸਿਮ੍ਰਿਤੀਆਂ ਵਿੱਚ ਭੈਣ ਐਸਾਂ ਦਾ ਦਾਜ ਦਾ ਮੰਜਾ ਚੁੱਕ ਲਿਆਉਣਾ ਅਸਲ ਵਿੱਚ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਦੇ ਮਨੋ ਸੰਸਾਰ ਵਿਚਲੇ ਦੁਖਾਂਤ ਨੂੰ ਪ੍ਰਤੀਕਮਈ ਰੂਪ ਵਿੱਚ ਪ੍ਰਗਟਾਉਂਦਾ ਹੈ ਜਿਹੜੇ ਵੰਡ ਦੇ ਦੌਰਾਨ ਆਪਣੇ ਮੋਹ-ਪਿਆਰ ਦੇ ਰਿਸ਼ਤਿਆਂ ਤੋਂ ਦੂਰ ਹੋ ਗਏ ਸਨ। ਅਸਲ ਵਿੱਚ ਵੰਡ ਦਾ ਸਮਾਂ ਹੀ ਅਜਿਹਾ ਸੀ ਜਿਸ ਨੇ ਲੋਕਾਂ ਨੂੰ ਇਕਦਮ ਵਹਿਸ਼ੀ ਬਣਾ ਦਿੱਤਾ ਸੀ। ਉਨ੍ਹਾਂ ਦਾ ਕੱਟੜਪੁਣਾ ਹਰ ਰਿਸ਼ਤਿਆਂ ਨੂੰ, ਪਿਆਰ ਨੂੰ ਮਲੀਆਮੇਟ ਕਰਨ ਨੂੰ ਤਰਜੀਹ ਦੇ ਰਿਹਾ ਸੀ। ਕਹਾਣੀ ਵਿਚ ਬਾਬੇ ਹਜ਼ਾਰੇ ਸਿੰਘ ਦੇ ਆਪਣੇ ਸ਼ਬਦਾਂ ਵਿਚ :

> ***"ਪੁੱਤਰਾ ! ਸੰਤਾਲੀ ਦਾ ਡਾਹਢਿਆਂ ਨੇ ਲੱਖਾਂ ਬੇਗੁਨਾਹ ਮਾਰੇ। ਉਨ੍ਹਾਂ ਦੇ ਘਰ ਉਜਾੜੇ। ਲੁੱਟਾਂ- ਖੋਹਾਂ ਕੀਤੀਆਂ। ਧੀਆਂ-ਭੈਣਾਂ ਦੀ ਬੇਪਤੀ ਵੀ ਕੀਤੀ। ਉਸ ਵੇਲੇ ਇਕ ਗਲਤੀ ਮੈਥੋਂ ਵੀ ਹੋ ਗਈ।"[5]***

ਸੰਤਾਲੀ ਦੀ ਵੰਡ ਵਿੱਚ ਪਰਿਵਾਰ ਦੇ ਪਰਿਵਾਰ ਤਬਾਹ ਹੋ ਗਏ। ਹਜ਼ਾਰਾਂ-ਲੱਖਾਂ ਲੋਕ ਇਕਦਮ ਬੇਘਰ ਹੋ ਗਏ। ਸਭ ਤੋਂ ਵੱਧ ਵਧੀਕੀਆਂ ਤੇ ਜ਼ੁਲਮ ਔਰਤਾਂ ਤੇ ਬੱਚਿਆਂ ਨਾਲ ਹੋਇਆ। ਕਹਾਣੀ 'ਅਨਾਰਕਲੀ ਬਾਜ਼ਾਰ ਚ ਗੁਆਚੇ ਰਿਸ਼ਤੇ' ਦਾ ਪਾਤਰ ਹਰੀਸ਼ ਕੁਮਾਰ ਨੂੰ ਬਹੁਤ ਛੋਟੇ ਹੁੰਦੇ ਹੀ ਇਸ ਜ਼ਬਰ ਨੂੰ ਸਹਿਣਾ ਪਿਆ। ਉਸ ਦੀਆਂ ਅੱਖਾਂ ਸਾਹਮਣੇ ਹੀ ਉਸ ਦੇ ਪਿਉ ਦਾ

ਕਤਲ ਕਰ ਦਿੱਤਾ ਗਿਆ ਤੇ ਮਾਂ ਨੂੰ ਧਾੜਵੀ ਚੁੱਕ ਕੇ ਲੈ ਗਏ। ਹਰੀਸ਼ ਕੁਮਾਰ ਵੱਲੋਂ ਇਕ ਖੁਸ਼ਹਾਲ ਜੀਵਨ ਗੁਜ਼ਾਰਨ ਤੋਂ ਬਾਅਦ ਵੀ ਬਾਲ ਮਨ ਦੇ ਅਵਚੇਤਨ ਵਿਚ ਪਏ ਇਹ ਦੁਖਾਂਤਕ ਅਹਿਸਾਸ ਉੱਭਰ ਆਉਂਦੇ ਹਨ :

***"ਉਹ ਵਿਚਾਰੇ ਮੌਤ ਤੱਕ ਇਹੋ ਸੋਚਦੇ ਰਹੇ ਕਿ ਮੈਨੂੰ ਅਤੀਤ ਦਾ ਕੁਝ ਵੀ ਯਾਦ ਨਹੀਂ। ਅਗਰ ਮੈਂ ਅਸਲੀਅਤ ਦੱਸਦਾ ਤਾਂ ਰਿਸ਼ਤਿਆਂ ਦਾ ਉਹ ਖ਼ੂਬਸੂਰਤ ਭਰਮ ਟੁੱਟ ਜਾਣਾ ਸੀ !"*** [6]

'ਔਲਾਦ ਨਹੀਂ, ਜਾਨ ਵੱਧ ਪਿਆਰੀ ਹੁੰਦੀ ਏ! ਕਹਾਣੀ ਭਾਰਤ ਪਾਕ ਵੰਡ ਸਮੇਂ ਹੋਈ ਹਿੰਦੁਸਤਾਨੀ ਜਨ-ਸਮੂਹ ਦੀ ਤ੍ਰਾਸਦਿਕ ਅਤੇ ਵਿਕਰਾਲ ਹੋਣੀ ਤੇ ਇਸ ਦੇ ਭਿਆਨਕ ਸਿੱਟਿਆਂ ਨੂੰ ਬਿਆਨਦੀ ਹੈ। ਸੰਤਾਲੀ ਦੀ ਫ਼ਿਰਕੂ ਹਨ੍ਹੇਰੀ ਸਮੇਂ ਹੋਈ ਵੱਢ-ਟੁੱਕ ਤੇ ਕਤਲੇਆਮ ਵਿੱਚ ਕੁਚਲੀ ਗਈ ਮਾਨਸਿਕਤਾ ਨੇ ਸਮੁੱਚੇ ਮਨੁੱਖੀ ਵਿਵਹਾਰ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਮਨੁੱਖ ਕਦੇ ਵੀ ਇਨ੍ਹਾਂ ਸਮੂਹਿਕ ਸਦਮਿਆਂ ਤੋਂ ਉੱਭਰ ਨਹੀਂ ਪਾਇਆ। ਕਹਾਣੀ ਵਿਚਲੇ ਬਿਰਤਾਂਤ ਅਨੁਸਾਰ :

***"ਆਖ਼ਰੀ ਉਮਰੇ ਸਿਰਾਜ ਚਾਚਾ ਕਰੀਬ- ਕਰੀਬ ਪਾਗਲ ਹੋ ਚੁੱਕਾ ਸੀ। ਉਹ ਉੱਠ-ਉੱਠ ਦੌੜਦਾ। ਹਸ਼ਮਤੇ ਨੂੰ 'ਵਾਜਾਂ ਮਾਰਦਾ। ਆਪਣੇ ਪੁੱਤਰ ਨੂੰ ਜ਼ਮੀਨ ਉੱਤੇ ਸੁੱਟ ਕੇ ਆਉਣ ਦਾ ਗ਼ਮ ਉਹ ਕਦੇ ਨਹੀਂ ਸੀ ਭੁਲਾ ਸਕਿਆ। ਕਦੀ ਵੀ ਨਹੀਂ।"*** [7]

ਮਨੁੱਖ ਦੀ ਭਾਵਨਾਤਮਕ ਸਾਂਝ ਨੂੰ ਅੱਖੋਂ-ਪਰੋਖੇ ਕਰਕੇ ਆਪਣੀ ਸਵੈ-ਸੁਰੱਖਿਆ ਦਾ ਕਾਰਜ ਨੇਪਰੇ ਚਾੜ੍ਹਿਆ ਗਿਆ। ਦੇਸ਼ ਵੰਡ ਸਮੇਂ ਵਾਪਰੀ ਤ੍ਰਾਸਦਿਕ ਵੇਦਨਾ ਦਾ ਸ਼ਿਕਾਰ ਲੋਕਾਂ ਦੇ ਅਵਚੇਤਨ ਮਨ ਦੇ ਸੰਤਾਪ ਤੇ ਟੁੱਟ-ਭੱਜ ਨੇ ਉਸਦੀ ਚੇਤਨਾ ਉੱਤੇ ਭਾਰੂ ਹੋਕਰ ਮਨ ਦੀਆਂ ਵਿਕੋਲਿਤਰੀਆਂ ਹਨ੍ਹੇਰੀਆਂ ਪਰਤਾਂ ਨੂੰ ਪੇਸ਼ ਕੀਤਾ ।

'ਸੱਤਰ ਵਰ੍ਹਿਆਂ ਬਾਅਦ' : ਦੋ ਸਹੇਲੀਆਂ ਦੀ ਗੱਲਬਾਤ' ਕਹਾਣੀ ਦਾ ਫੋਕਸ ਸਵੱਛ ਮਾਨਵਵਾਦੀ ਸੋਚ ਉਤੇ ਰਹਿੰਦਾ ਹੈ। ਮੁੱਖ ਔਰਤ ਪਾਤਰਾਂ ਜੋਗਿੰਦਰ ਕੌਰ ਤੇ ਨਜ਼ੀਰਾਂ ਬੇਗ਼ਮ ਦੀ ਅੰਤਲੇ ਸਮੇਂ ਵਿੱਚ ਆਪਸੀ ਗੱਲਬਾਤ ਸਾਂਝੇ ਪੰਜਾਬ ਦੀਆਂ ਸਮ੍ਰਿਤੀਆਂ,ਆਪਸੀ ਸੰਬੰਧ ਉੱਜੜੇ ਲੋਕਾਂ ਦੇ ਮੁੜ ਵਸੇਬੇ ਦੀਆਂ ਤੀਬਰ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ,

***"ਜਿੰਦੋ ਬੀਬੀ ਉਦਾਸ ਹੋ ਗਈ ਸੀ। ਉਹਦਾ ਗੱਚ ਭਰ ਆਇਆ ਸੀ। ਨਿਰਾਸਤਾ ਚ ਸਿਰ ਮਾਰਦਿਆਂ ਬੋਲੀ ਸੀ, " ਦੱਸ, ਕਿਵੇਂ ਆ ਜਾਵਾਂ, ਨੀਂ ਜ਼ੀਰਾਂ ? ਰਾਹ ਚ ਤਾਂ ਤਾਰਾਂ ਦੀ ਵਾੜ ਏ।"*** [8]

'ਹਮੀਦ ਦਾ ਬਦਲਾ!' ਕਹਾਣੀ ਸਾਂਝੇ ਪੰਜਾਬ ਦੇ ਦੋ ਦੋਸਤਾਂ ਦੇ ਆਪਸੀ ਮੋਹ ਤੇ ਪਿਆਰ ਨੂੰ ਪ੍ਰਗਟਾਉਂਦੀ ਹੈ। ਲੇਕਿਨ ਵੰਡ ਦੌਰਾਨ ਇਕਦਮ ਹਾਲਾਤ ਬਦਲ ਗਏ। ਵੇਖਦੇ ਹੀ ਵੇਖਦੇ ਆਪਸੀ ਸਾਂਝ ਤੇ ਪਿਆਰ ਦੇ ਸੁਪਨੇ ਟੁੱਟ ਗਏ। ਮਨੁੱਖਤਾ ਦਾ ਘਾਣ ਆਪਣੇ ਪੂਰੇ ਜ਼ੋਰ ਉੱਤੇ ਹੋਆ। ਸੰਤਾਲੀ ਦੀ ਕਰੂਰਤਾ ਤੇ ਕੰਬਾਊ ਹਾਲਾਤਾਂ ਨੂੰ ਪ੍ਰਗਟਾਉਣ ਲਈ ਡਾ. ਪਰਮਜੀਤ ਕੌਰ ਰੱਕੜ ਦੇ ਵਿਚਾਰ ਬਹੁਤ ਮਹੱਤਵਪੂਰਨ ਹਨ :

***"ਇਨ੍ਹਾਂ ਅਣਮਨੁੱਖੀ ਪ੍ਰਸਥਿਤੀਆਂ ਵਿੱਚ ਉਹ ਇੰਨੇ ਅੰਨ੍ਹੇ ਹੋ ਚੁੱਕੇ ਸਨ ਕਿ ਮਾਸੂਮੀਅਤ ਤੇ ਜਵਾਨੀ ਦਾ ਵੀ ਖਿਆਲ ਨਹੀਂ ਕਰਦੇ। ਨਾ ਹੀ ਉਨ੍ਹਾਂ ਦੀ ਮਾਨਸਿਕਤਾ ਵਿੱਚ ਕਿਸੇ ਕਾਨੂੰਨ ਦਾ ਭੈਅ ਹੈ ਤੇ ਨਾ ਹੀ ਕਿਸੇ ਦੈਵੀ ਤਾਕਤ ਦਾ।"*** [9]

ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਸੁਹਿਰਦ ਰਿਸ਼ਤੇ ਤਹਿਸ-ਨਹਿਸ ਹੋ ਗਏ। ਸਮਾਜ ਨੂੰ ਸਰਬੱਤ ਦਾ ਭਲਾ ਵਰਗੇ ਮਾਨਵਵਾਦੀ ਸੋਚ ਦੇ ਪਾਠ ਪੜ੍ਹਾਉਣ ਵਾਲੇ ਦੋਗਲੀ ਮਾਨਸਿਕਤਾ ਦੇ ਸ਼ਿਕਾਰ ਬਲਵੀਰਾ ਵਰਗੇ ਲੋਕਾਂ ਨੇ ਆਪਣੇ ਹੱਥਾਂ ਨਾਲ ਭੋਲੇ-ਭਾਲੇ ਹਮੀਦ ਨੂੰ ਤਲਵਾਰ ਨਾਲ ਵੱਢ ਦਿੱਤਾ। ਇਹ ਕਹਾਣੀ ਧਰਮ ਆਧਾਰਿਤ ਸਮੂਹਿਕ ਜ਼ਬਰ ਤੇ ਤ੍ਰਾਸਦਿਕ ਹਸ਼ਰ ਦਾ ਮਨੁੱਖੀ ਮਾਨਸਿਕਤਾ ਉੱਤੇ ਪਏ ਪ੍ਰਭਾਵ ਨੂੰ ਚਿਤਰਣ ਵਿਚ ਸਫ਼ਲ ਹੋਈ ਹੈ। ਅਸਲ ਵਿੱਚ ਸਾਂਵਲਧਾਮੀ ਨੇ ਨਿੱਕੀਆਂ ਕਹਾਣੀਆਂ ਰਾਹੀਂ ਵੱਡੇ ਬਿਰਤਾਂਤਕ ਮਸਲਿਆਂ ਨੂੰ ਕਹਾਣੀ ਦੇ ਕੈਨਵਸ ਉੱਤੇ ਚਿਤਰਿਆ ਹੈ। ਕਹਾਣੀ 'ਮੋਇਆਂ ਨੂੰ ਆਵਾਜ਼ਾਂ' ਵੰਡ ਤੋਂ ਪਹਿਲਾਂ ਦੇ ਸਾਂਝੇ ਸੱਭਿਆਚਾਰਕ ਜੀਵਨ ਦਾ ਭਰਪੂਰ ਦ੍ਰਿਸ਼ ਉਸਾਰਦੀ ਹੈ। ਇਹ ਕਹਾਣੀ ਬੜੀ ਖ਼ੂਬਸੂਰਤੀ ਨਾਲ ਵੰਡ ਤੋਂ ਪਹਿਲਾਂ ਦੇ ਪੰਜਾਬ ਅੰਦਰ ਵਸਦੇ ਪੇਂਡੂ ਜਨ-ਮਾਨਸ ਦੀਆਂ ਸੰਵੇਦਨਾਵਾਂ, ਉਤਰਾਵਾਂ, ਚੜ੍ਹਾਵਾਂ, ਦੁੱਖਾਂ-ਸੁੱਖਾਂ ਨੂੰ ਚਿੰਤਰਨ ਨਾਲ ਸਬੰਧਿਤ ਹੈ। ਜਿਸ ਵਿਚ ਉਨ੍ਹਾਂ ਦੇ ਜਾਤੀ- ਜਮਾਤੀ ਤੇ ਪਰਿਵਾਰਕ ਸਰੋਕਾਰ ਦੇਸ਼-ਵੰਡ ਦੇ ਬਿਰਤਾਂਤਕ ਪ੍ਰਸੰਗ ਵਜੋਂ ਸਾਕਾਰ ਹੋਏ ਹਨ। ਰਾਜਸੀ ਸਿਆਸੀ ਨੀਤੀਆਂ ਦਾ ਸੁਆਰਥਪੁਣਾ ਤੇ ਅਫ਼ਵਾਹਾਂ ਲੋਕਾਂ ਅੰਦਰ ਡਰ ਵਾਲੀ ਮਾਨਸਿਕਤਾ ਪੈਦਾ ਕਰ ਦਿੰਦੀਆਂ ਹਨ ਤੇ ਲੋਕ ਆਪਣੇ ਬਚਾਅ ਲਈ ਯਤਨ ਕਰਨੇ ਆਰੰਭ ਦਿੰਦੇ ਹਨ। ਸਿਆਸਤਦਾਨਾਂ, ਧਾਰਮਿਕ ਤੇ ਮਜ਼ਬੀ ਅਲੰਬਰਦਾਰ ਲੋਕਾਂ ਦੀਆਂ ਭਾਵਨਾਵਾਂ ਨੂੰ ਤੜਕਾਉਂਦੇ ਅਤੇ ਉਤੇਜਿਤ ਕਰਦੇ ਹਨ। ਵੰਡ ਦੌਰਾਨ ਪੰਜਾਬ ਵਿਚ ਥਾਂ-ਥਾਂ ਵੱਢ-ਟੁੱਕ ਦੀਆਂ ਖ਼ਬਰਾਂ ਗਰਮਾਉਣ ਲਗੀਆਂ ਸਨ। ਹਿੰਦੂ-ਸਿੱਖਾਂ ਵਲੋਂ ਮੁਸਲਮਾਨਾਂ ਨੂੰ ਅਤੇ ਮੁਸਲਮਾਨਾਂ ਵਲੋਂ ਹਿੰਦੂ ਸਿੱਖਾਂ ਨੂੰ ਵੱਢਿਆ ਗਿਆ। ਕਹਾਣੀ ਵਿਚ ਮੌਲੇ ਤੇ ਦੌਲੇ ਨੇ ਦੰਗਿਆਂ ਦੌਰਾਨ ਆਪਣੇ ਮਾਪਿਆਂ ਨੂੰ ਗਵਾ ਦਿੱਤਾ ਤੇ ਉਹ ਦਿਨ-ਰਾਤ ਆਪਣੇ ਮਾਪਿਆਂ ਨੂੰ ਲੱਭਦੇ ਫਿਰੇ। ਉਸ ਸਮੇਂ ਦੇ ਦਹਿਸ਼ਤਗਰਦੀ ਦੇ ਮਾਹੌਲ ਵਿਚ ਪੰਜਾਬੀ ਜਨ ਜੀਵਨ ਦੀ ਤਬਾਹੀ ਤੇ ਇਸਦੇ ਪ੍ਰਭਾਵਾਂ ਨੂੰ ਬੀਬੀ ਦੇ ਮਾਰਮਿਕ ਸ਼ਬਦ ਬਾਖ਼ੂਬੀ ਪ੍ਰਗਟਾਉਂਦੇ ਹਨ :

***"ਮੌਲੇ ਤੇ ਦੌਲੇ ਨੂੰ ਜਦੋਂ ਮਾਪੇ ਨਾ ਮਿਲੇ ਤਾਂ ਉਹ ਬੜਾ ਰੋਏ। ਫਿਰ ਮਸਾਣਾਂ ਚ ਵੀ ਗਏ। ਓਥੇ ਮਾਪਿਆਂ ਦੀਆਂ ਢੇਰੀਆਂ ਲੱਭਦੇ ਫਿਰਨ। ਓਥੇ ਉਨ੍ਹਾਂ ਵਿਚਾਰਿਆਂ ਨੂੰ ਭਲਾ ਕੀ ਮਿਲਣਾ ਸੀ ! ਬੀਬੀ ਭਾਪੇ ਦਾ ਨਾਂ ਲੈ ਕੇ 'ਵਾਜ਼ਾਂ ਪਏ ਮਾਰਨ। ਤੂੰ ਦੱਸ ਕਦੇ ਮੋਏ-ਮੁੱਕੇ ਵੀ ਹੁੰਗਾਰਾ ਭਰਦੇ ਨੇ !"*** [10]

ਕਹਾਣੀ ਸੰਗ੍ਰਹਿ ਦੀਆਂ ਕਈ ਹੋਰ ਕਹਾਣੀਆਂ ਜਿਵੇਂ :- 'ਜਦੋਂ ਪਾਕਿਸਤਾਨ ਨੂੰ ਮਕਾਣ ਆਈ','ਪਾਕਿਸਤਾਨੀ ਮਾਂ ਤੇ ਹਿੰਦੁਸਤਾਨੀ ਪੁੱਤਰ ਦੀ ਕਹਾਣੀ', 'ਮਹਿਤਾਬ ਦੀਨ ਵਲਦ ਵਜੀਰ ਸਿੰਘ', 'ਮਿੱਟੀ ਦਾ ਭਾਂਡਾ', 'ਮੈਨੂੰ ਮਾਫ਼ ਕਰ ਦਈਂ ਧਰਮਿਆਂ!', 'ਚੱਕ ਖ਼ਲੀਲ ਵੇਖਣ ਦੀ ਤਾਂਘ', 'ਵਤਨ ਦੀ ਮਿੱਟੀ', 'ਵਕਤ ਦਾ ਬਦਲਾ', 'ਮਹਿਕਦੀ ਚੁੰਢੀ', 'ਕਿੱਕਰ ਵਾਲਾ ਮੋੜ', 'ਅਗਲੇ ਜਨਮ ਚ ਜ਼ਰੂਰ ਮਿਲਾਂਗੇ !' ਆਦਿ ਕਹਾਣੀਆਂ ਵਿਚ ਵੀ ਸਮੂਹਿਕ ਬਰਬਰਤਾ ਤੇ ਵੰਡ ਦੇ ਸੰਤਾਪ ਨੂੰ ਹੰਢਾਉਂਦੇ ਲੋਕਾਂ ਦੀ ਮਾਨਸਿਕਤਾ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਪ੍ਰਗਟ ਕੀਤਾ ਹੈ। ਇਹ ਸਾਂਵਲ ਧਾਮੀ ਦੀ ਪ੍ਰਾਪਤੀ

ਹੈ ਕਿ ਉਸ ਨੇ ਆਪਣੇ ਯੂ ਟਿਊਬ ਚੈਨਲ 'ਸੰਤਾਲੀਨਾਮਾ' ਵਿੱਚ ਵੰਡ ਦਾ ਦੁਖਾਂਤ ਹੰਢਾਉਂਦੇ ਪਾਤਰਾਂ ਦੀ ਤ੍ਰਾਸਦਿਕ ਮਾਨਸਿਕਤਾ ਨੂੰ ਸਫ਼ਲਤਾਪੂਰਵਕ ਸ਼ਬਦੀ ਰੂਪ ਵਿੱਚ ਪੇਸ਼ ਕੀਤਾ। ਇਹ ਕਹਾਣੀਆਂ ਸਾਧਾਰਨ ਬੰਦੇ ਦੀ ਵੰਡ ਦੇ ਦੌਰਾਨ ਤੇ ਵੰਡ ਤੋਂ ਬਾਅਦ ਦੀ ਮਾਨਸਿਕਤਾ ਤੇ ਭਾਵਨਾਵਾਂ ਨੂੰ ਪ੍ਰਗਟ ਕਰਦੀਆਂ ਹਨ। ਦੇਸ਼-ਵੰਡ ਦੀ ਹਿੰਸਾ ਤੇ ਕਰੂਰਤਾਂ ਮਹਿਜ ਸੰਪਰਦਾਇਕ ਰਾਜਨੀਤੀ ਦਾ ਪ੍ਰਤਿਫਲ ਹੀ ਨਹੀਂ ਸੀ ਸਗੋਂ ਇਸ ਦੀ ਪਿੱਠਭੂਮੀ ਵਿਚ ਧਾਰਮਿਕ ਵਿਰੋਧ, ਜਾਤੀ ਵਿਤਕਰੇ ਵੀ ਕਾਰਜਸ਼ੀਲ ਸਨ। ਦੇਸ਼ ਵੰਡ ਸਭਿਅਤਾ ਦੇ ਦਮਨਕਾਰੀ ਚਰਿੱਤਰ ਕਾਰਣ,ਅਨਿਆਏ ਦਾ ਸ਼ਿਕਾਰ ਲੋਕਾਂ ਦੀਆਂ ਭਾਵਨਾਵਾਂ ਨੇ ਅਮਨੁੱਖੀ ਵਿਸਫੋਟ ਨੂੰ ਅਰਾਜਕ ਵਣ ਅਤੇ ਅਸੁਖ਼ਦ ਬਣਾ ਦਿੱਤਾ । ਲੋਕਾਂ ਦੇ ਸੁਆਰਥੀ ਵਿਵਹਾਰ ਨੂੰ ਜਦੋਂ ਅਰਾਜਕ ਮਾਹੌਲ ਮਿਲਿਆ ਤਾਂ ਉਨ੍ਹਾਂ ਨੇ ਤਮਾਮ ਮਾਨਵੀ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਕਰ ਦੂਜੇ ਧਰਮ ਦੇ ਲੋਕਾਂ ਨੂੰ ਮਾਰਿਆ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਬੱਚਿਆਂ 'ਤੇ ਅੱਤ ਦਾ ਕਹਿਰ ਢਾਹਿਆ। ਖੋਜ ਪੱਤਰ ਦੀਆਂ ਸੀਮਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਅਸੀ ਆਪਣੇ ਸ਼ੋਧ ਪੱਤਰ ਨੂੰ ਇੱਥੇ ਹੀ ਸਮੇਟਣ ਦਾ ਯਤਨ ਕੀਤਾ ਹੈ।

**ਹਵਾਲੇ ਤੇ ਟਿੱਪਣੀਆਂ**

1. *ਡਾ . ਬਲਦੇਵ ਸਿੰਘ ਧਾਲੀਵਾਲ,ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ – 51*
2. *ਸਾਂਵਲ ਧਾਮੀ, ਦੁੱਖੜੇ ਸੰਨ ਸੰਤਾਲ਼ੀ ਦੇ, ਪੰਨਾ – 51*
3. *ਉਹੀ, ਪੰਨਾ-41*
4. *ਉਹੀ, ਪੰਨਾ – 42*
5. *ਉਹੀ, ਪੰਨਾ -19*
6. *ਉਹੀ, ਪੰਨਾ -24*
7. *ਉਹੀ, ਪੰਨਾ -32*
8. *ਉਹੀ, ਪੰਨਾ -37*
9. *ਡਾ. ਪਰਮਜੀਤ ਕੌਰ ਰੱਕੜ, ਪੰਜਾਬੀ ਬਿਰਤਾਂਤ ਦੀ ਮਨੋਸਰੰਚਨਾ, ਪੰਨਾ-84*
10. *ਸਾਂਵਲ ਧਾਮੀ, ਦੁੱਖੜੇ ਸੰਨ ਸੰਤਾਲ਼ੀ ਦੇ, ਪੰਨਾ – 138*